
# ਸ਼ੈਤਾਨ ਦਾ ਸਾਹਮਣਾ ਕਰਨ ਲਈ ਬਾਈਬਲ ਦਾ ਪ੍ਰਯੋਗ ਉਵੇਂ ਕਰੋ ਜਿਵੇਂ ਯਿਸੂ ਨੇ ਕੀਤਾ ।


## ਬੱਚਿਆਂ ਨੂੰ ਪਵਿੱਤਰ ਵਚਨ ਦਾ ਅਧਿਐਨ ਕਰਨਾ ਸਿਖਾਉ

ਅਜਿਹੀਆਂ **ਗਤੀਵਿਧੀਆਂ** ਚੁਣੋਂ ਜਿਹੜੀਆਂ ਬੱਚਿਆਂ ਦੀਆਂ ਲੋੜਾਂ ਅਤੇ ਉਮਰ ਲਈ ਢੁੱਕਵੀਆਂ ਹਨ।

**ਪ੍ਰਾਰਥਨਾ:** ''ਪਿਆਰੇ ਪ੍ਰਭੂ, ਕਿਰਪਾ ਕਰਕੇ ਇਸ ਅਧਿਐਨ ਨੂੰ ਬੱਚਿਆਂ ਲਈ ਪ੍ਰਯੋਗ ਕਰਨ ਲਈ, ਸੌਖਾ ਬਣਾ ਤਾਂ ਜੋ ਉਹ ਤੇਰੇ ਵਚਨਾਂ ਨੂੰ ਦੀਵੇ ਦੇ ਤੌਰ ਤੇ ਆਪਣੇ ਮਾਰਗਾਂ ਵਿੱਚ ਰੋਸ਼ਨੀ ਕਰਨ ਅਤੇ ਤੁਹਾਡੀ ਆਗਿਆਂ ਮੰਨਣ ਲਈ ਪ੍ਰਯੋਗ ਕਰਨ।''



ਤੇਲ ਵਾਲਾ ਪੁਰਾਣਾ ਦੀਵਾ



ਮਿੱਟੀ ਦੇ ਤੇਲ ਵਾਲੀ ਲਾਲਟੈਣ

**ਮੱਤੀ 4:1-11** ਵਿੱਚ ਯਿਸੂ ਦੇ ਪਰਤਾਵੇ ਬਾਰੇ ਕਹਾਣੀ ਸਿਖਾਉਣ ਲਈ **ਤਿਆਰੀ** ਕਰੋ। ਇਹ ਸਾਨੂੰ ਦਿਖਾਉਦੀ ਹੈ ਕਿ ਕਿਵੇਂ ਅਸੀ ਪਰਮੇਸ਼ੁਰ ਦੀ ਇੱਛਾ ਦਾ ਪਾਲਣ ਕਰਨਾ ਅਤੇ ਦੁਸ਼ਮਣ ਦੇ ਪਰਤਾਵਿਆਂ ਦਾ ਜਵਾਬ ਦੇਣਾ ਹੈ। ਵੱਡੇ ਬੱਚੇ ਨੂੰ ਯਿਸ਼ੂ ਦੁਆਰਾ ਸ਼ੈਤਾਨ ਦਾ ਸਾਹਮਣਾ ਕੀਤੇ ਜਾਣ ਬਾਰੇ ਕਹਾਣੀ ਨੂੰ ਯਾਦ ਕਰਕੇ ਪੜ੍ਹਨ ਜਾਂ ਸੁਣਾਉਣ ਲਈ ਸਿਖਾਓ।

ਕਹਾਣੀ ਸੁਣਾਉਣ ਤੋਂ ਬਾਅਦ, ਇਹ **ਪ੍ਰਸ਼ਨ** ਪੁੱਛੋ। *(ਹਰ ਪ੍ਰਸ਼ਨ ਦਾ ਉੱਤਰ ਉਸਦੇ ਸਾਹਮਣੇ ਦਿੱਤਾ ਹੋਇਆ ਹੈ।)*

- ਯਿਸੂ ਨੂੰ ਇੰਨੀ ਭੁੱਖ ਕਿਉਂ ਲੱਗੀ? *(ਆਇਤ 2 ਵੇਖੋ)*
- ਸ਼ੈਤਾਨ ਨੇ ਯਿਸੂ ਨੂੰ ਕਿਹੜੇ ਤਿੰਨ ਢੰਗਾਂ ਨਾਲ ਪਰਤਾਇਆ *(ਆਇਤ 3, 6 ਅਤੇ 9)*
- ਸ਼ੈਤਾਨ ਦੇ ਹਰ ਪਰਤਾਵੇ ਦਾ ਯਿਸੂ ਨੇ ਕਿਸ ਢੰਗ ਨਾਲ ਜਵਾਬ ਦਿੱਤਾ?
  *(ਉਸਨੇ ਪਵਿੱਤਰ ਵਚਨ ਨਾਲ ਜਵਾਬ ਦਿੱਤਾ, ਆਇਤਾਂ 4, 7 ਅਤੇ 10)*
- ਕੀ ਯਿਸੂ ਨੇ ਪਵਿੱਤਰ ਵਚਨ ਯਾਦ ਕੀਤਾ ਸੀ? *(ਹਾਂ)*
- ਸਾਨੂੰ ਆਪਣੇ ਜੀਵਨ ਵਿੱਚ ਫੈਸਲਿਆਂ ਅਤੇ ਪਰਤਾਰਿਆਂ ਦਾ ਸਾਹਮਣਾ ਕਰਨ ਲਈ ਕਿਵੇਂ ਤਿਆਰ ਰਹਿਣਾ ਚਾਹੀਦਾ ਹੈ?

*(ਸਾਨੂੰ ਯਿਸੂ ਦੀ ਉਦਾਹਰਣ ਪਿੱਛੇ ਚੱਲਣਾ ਚਾਹੀਦਾ ਹੈ। ਉਸਨੇ ਰੋਜੇ ਅਤੇ ਪ੍ਰਾਰਥਨਾ ਵਿੱਚ ਸਮਾਂ ਬਿਤਾਇਆ, ਅਤੇ ਉਹ ਪਵਿੱਤਰ ਵਚਨ ਜਾਣਦਾ ਸੀ ਅਤੇ ਉਸਨੇ ਜੀਵਨ ਭਰ ਪਵਿੱਤਰ ਵਚਨ ਦੀ ਪਾਲਨਾ ਕੀਤੀ।)*

**ਦੱਸੋ** ਕਿ ਸ਼ੈਤਾਨ ਹਾਲੇ ਵੀ ਲੋਕਾਂ ਨੂੰ ਪਰਤਾਉਣ ਲਈ ਇਹੋ ਤਿੰਨ ਢੰਗਾ ਦਾ ਪ੍ਰਯੋਗ ਕਰਦਾ ਹੈ।

- ਸ਼ੈਤਾਨ ਵੱਲੋਂ ਪਹਿਲਾ ਪਰਤਾਵਾ ਸੀ ਕਿ ਪੱਥਰ, ਰੋਟੀਆਂ ਬਣ ਜਾਣ। ਸ਼ੈਤਾਨ ਸਾਨੂੰ ਆਪਣੀਆਂ ਸਰੀਰਿਕ ਲੋੜਾਂ ਬਾਰੇ ਚਿੰਤਾ ਕਰਨ ਲਈ ਪਰਤਾਉਂਦਾ ਹੈ। ਯਿਸੂ ਨੇ ਸਿਖਾਇਆ ਕਿ ਸਾਡੀਆਂ ਸਰੀਰਿਕ ਲੋੜਾਂ ਦੀ ਚਿੰਤਾ ਕਰਨ ਤੋਂ ਵੱਧਕੇ ਪਰਮੇਸ਼ੁਰ ਤੇ ਭਰੋਸਾ ਕਰਨਾ ਅਤੇ ਉਸਦੀ ਆਗਿਆ ਮੰਨਣਾ ਸਾਡੇ ਲਈ ਜ਼ਿਆਦਾ ਜਰੂਰੀ ਹੈ।
- ਸ਼ੈਤਾਨ ਵਲੋਂ ਦੂਜਾ ਪਰਤਾਵਾ ਸੀ, ਯਿਸੂ ਦਾ ਹੈਕਲ ਤੋਂ ਹੇਠਾਂ ਡਿੱਗਣਾ। ਬਹੁਤ ਸਾਰੇ ਲੋਕ ਉਸਦੀ ਚਮਤਕਾਰੀ ਸਮਰੱਥ ਲਈ ਉਸਦੀ ਸ਼ਲਾਘਾ ਕਰਨਗੇ। ਸ਼ੈਤਾਨ ਸਾਨੂੰ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਅਜਿਹੇ ਕੰਮ ਕਰਨ ਲਈ ਪਰਤਾਉਂਦਾ ਹੈ ਕਿ ਲੋਕ ਸਾਨੂੰ ਪਸੰਦ ਕਰਨ ਜਾਂ ਸਾਡੇ ਪਿੱਛੇ ਚੱਲਣ, ਭਾਵੇਂ ਉਹ ਕੰਮ ਜਿਹੜੇ ਅਸੀਂ ਕਰੀਏ ਗਲਤ ਹੀ ਹੋਣ। ਪਵਿੱਤਰ ਵਚਨ ਸਾਨੂੰ ਕਹਿੰਦਾ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਪਰਮੇਸ਼ੁਰ ਨੂੰ ਸਭ ਤੋਂ ਮਹੱਤਵਪੂਰਨ ਵਿਅਕਤੀ ਬਣਾਈਏ ਅਤੇ ਕਦੀ ਵੀ ਆਪਣਾ ਧਿਆਨ ਉਸਦੀ ਅਰਾਧਨਾ ਕਰਨ ਤੋਂ ਨਾ ਹਟਾਈਏ।
- ਸ਼ੈਤਾਨ ਵਲੋਂ ਤੀਜਾ ਪਰਤਾਵਾ ਸੀ ਪੂਰੇ ਜਗਤ ਉੱਤੇ ਰਾਜ ਕਰਨ ਬਾਰੇ ਸੀ। ਸ਼ੈਤਾਨ ਸਾਨੂੰ ਆਪਣੀ ਸ਼ਕਤੀ ਅਤੇ ਇਖ਼ਤਿਆਰ ਦਾ ਪ੍ਰਯੋਗ ਸਾਡੇ ਆਪਣੇ ਸੁਆਰਥੀ ਮਕਸਦਾਂ ਲਈ ਕਰਕੇ ਪਰਤਾਉਂਦਾ ਹੈ। ਪਵਿੱਤਰ ਵਚਨ ਸਾਨੂੰ ਸਿਖਾਉਂਦਾ ਹੈ ਕਿ ਸਾਨੂੰ ਪਰਮੇਸ਼ੁਰ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਉਸ ਕੋਲੋਂ ਜਾਂ ਦੂਜੇ ਲੋਕਾਂ ਕੋਲੋਂ ਆਪਣੀ ਸੇਵਾ ਕਰਾਵਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

**ਦੱਸੋ** ਕਿ ਸਾਨੂੰ ਮਸੀਹੀ ਲੋਕਾਂ ਨੂੰ ਪਰਮੇਸ਼ੁਰ ਦੇ ਵਚਨ ਦਾ ਹਵਾਲਾ ਦੇ ਕੇ ਇਨ੍ਹਾਂ ਪਰਤਾਵਿਆਂ ਦਾ ਜਵਾਬ ਦੇਣਾ ਚਾਹੀਦਾ ਹੈ ਜਿਵੇਂ ਯਿਸੂ ਨੇ ਕੀਤਾ? ਸਾਨੂੰ ਪਵਿੱਤਰ ਵਚਨ ਨੂੰ ਚੰਗੀ ਤਰ੍ਹਾਂ ਜਾਣਨਾ ਚਾਹੀਦਾ ਹੈ, ਜਿਵੇਂ ਯਿਸੂ ਜਾਣਦਾ ਸੀ, ਤਾਂ ਹੀ ਅਸੀਂ ਸ਼ੈਤਾਨ ਦੇ ਹਮਲਆਂ ਦਾ ਸਾਹਮਣਾ ਕਰ ਸਕਦੇ ਹਾਂ।

ਯਿਸੂ ਦੁਆਰਾ ਸ਼ੈਤਾਨ ਦਾ ਸਾਹਮਣਾ ਕਰਦੇ ਹੋਏ ਕਹਾਣੀ ਨੂੰ **ਨਾਟਕ ਦੇ ਰੂਪ ਵਿੱਚ ਪੇਸ਼ ਕਰੋ।**

- ਅਰਾਧਨਾ ਮੰਡਲੀ ਦੇ ਮੁੱਖ ਆਗੂਆਂ ਨਾਲ ਮਿਲਕੇ ਇਸ ਨਾਟਕ ਨੂੰ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਮਦਦ ਕਰਨ ਦਿਓ ਜਦੋਂ ਉਹ ਤਿਆਰੀ ਕਰਦੇ ਹਨ।
- **ਵੱਡੇ ਬੱਚਿਆਂ** ਜਾਂ ਬਾਲਗਾਂ ਨੂੰ **ਯਿਸੂ, ਸ਼ੈਤਾਨ** ਅਤੇ **ਕਥਾਵਾਚਕ** ਦਾ ਕਿਰਦਾਰ ਅਦਾ ਕਰਨ ਦਿਓ। ਕਥਾਵਾਚਕ ਕਹਾਣੀ ਦਾ ਖੁਲਾਸਾ ਕਰੇਗਾ ਅਤੇ ਬੱਚਿਆਂ ਨੂੰ ਯਾਦ ਕਰਵਾਉਣ ਵਿੱਚ ਮਦਦ ਕਰੇਗਾ ਜੋ ਉਨ੍ਹਾਂ ਕਹਿਣਾ ਅਤੇ ਕਰਨਾ ਹੈ।
- **ਛੋਟੇ ਬੱਚਿਆਂ** ਨੂੰ **ਰਾਜਿਆਂ** ਦਾ, **ਜਿਨ੍ਹਾਂ** ਨੇ ਕਾਗਜ਼ ਦੇ ਮੁੱਕਟ ਪਾਏ ਅਤੇ ਦੂਤਾਂ ਦਾ, ਜਿੰਨਾਂ ਦੇ ਕਾਗਜ਼ ਦੇ ਖੰਭ ਹਨ ਦਾ ਕਿਰਦਾਰ ਅਦਾ ਕਰਨ ਦਿਓ ਜਾਂ ਉਨ੍ਹਾਂ ਨੂੰ ਆਪਣੀਆਂ ਬਾਹਾਂ ਬਾਹਰ ਕੱਢ ਕੇ ਖੰਭਾਂ ਵਾਂਗੂੰ ਖੋਲ ਕੇ ਰੱਖਣ ਦਿਓ।

**ਕਥਾਵਾਚਕ** : ਮੱਤੀ 4:1-11 ਵਿੱਚੋਂ ਕਹਾਣੀ ਦੱਸੋ। ਫਿਰ ਕਹੋ, ''ਸੁਣੋ ਯਿਸੂ ਕੀ ਪ੍ਰਾਰਥਨਾ ਕਰਦਾ ਹੈ।''

**ਯਿਸੂ**: ''ਪਿਤਾ, ਮੈਂ ਖੁੱਸ਼ ਹਾਂ ਕਿ ਤੇਰੇ ਨਾਲ ਇਕਾਂਤ ਵਿੱਚ ਗੱਲਬਾਤ ਕਰਨ ਲਈ ਮੇਰੇ ਕੋਲ ਚਾਲੀ ਦਿਨ ਸਨ। ਮੈਨੂੰ ਬਹੁਤ ਭੁੱਖ ਲੱਗੀ ਹੈ, ਪਰ ਤੇਰੇ ਕੰਮ ਲਈ ਤਿਆਰ ਹੋਣਾ ਜੋ ਤੂੰ ਮੇਰੇ ਲਈ ਰੱਖਿਆ ਹੈ ਇਹ ਕਰਨਾ ਯੋਗ ਸੀ।''

ਸ਼ੈਤਾਨ: ''ਪਰਮੇਸ਼ੁਰ ਦੇ ਪੁੱਤਰ, ਸੁਣ, ਤੈਨੂੰ ਭੁੱਖਾ ਰਹਿਣ ਦੀ ਕੋਈ ਲੋੜ ਨਹੀਂ। ਤੂੰ ਆਪਣੀ ਦੇਖਭਾਲ ਕਰਨ ਲਈ ਪਰਮੇਸ਼ੁਰ ਦਾ ਇੰਤਜਾਰ ਕਿਉਂ ਕਰਦਾ ਹੈ? ਇਨ੍ਹਾਂ ਪੱਥਰਾਂ ਨੂੰ ਰੋਟੀਆਂ ਬਣਾ ਦੇਹ!''

**ਯਿਸੂ**: ''ਨਹੀਂ! ਪਰਮੇਸ਼ੁਰ ਕਹਿੰਦਾ ਹੈ, ਅਸੀਂ ਸਿਰਫ ਰੋਟੀ ਨਾਲ ਹੀ ਜੀਉਂਦੇ ਨਹੀਂ ਹਾਂ। ਮੈਨੂੰ ਜੀਉਂਦਾ ਰਹਿਣ ਲਈ ਪਰਮੇਸ਼ੁਰ ਦੇ ਵਚਨ ਦੀ ਲੋੜ ਹੈ।''

ਸ਼ੈਤਾਨ: ਯਿਸੂ ਨੂੰ ਕੁਰਸੀ ਉੱਤੇ ਚੜਾਉਂਦਾ ਹੈ। ਫਿਰ ਕਹਿੰਦਾ ਹੈ, ''ਹੁਣ ਉੱਥੇ ਥੱਲੇ ਵੇਖ। ਤੂੰ ਹੈਕਲ ਦੇ ਕਿੰਗਰੇ ਤੇ ਖੜਾ ਹੈਂ। ਆਪਣੇ ਆਪ ਨੂੰ ਹੇਠਾਂ ਸੁੱਟ ਦੇ ਅਤੇ ਪਰਮੇਸ਼ੁਰ ਨੂੰ ਤੇਰੀ ਰੱਖਿਆ ਕਰਨ ਦੇ ਜਿਵੇਂ ਉਸਨੇ ਵਾਅਦਾ ਕੀਤਾ ਹੈ।''

**ਯਿਸੂ**: ''ਨਹੀਂ! ਮੈਂ ਪਰਮੇਸ਼ੁਰ ਨੂੰ ਕੰਮ ਕਰਨ ਲਈ ਮਜ਼ਬੂਰ ਨਹੀਂ ਕਰਾਂਗਾ। ਮੈਂ ਉਸਦੀ ਸੇਵਾ ਕਰਾਂਗਾ ਅਤੇ ਉਹੋ ਕਰਾਂਗਾ ਜੋ ਉਸਨੇ ਮੈਨੂੰ ਕਿਹਾ ਹੈ, ਕਿਉਂਕਿ ਪਵਿੱਤਰ ਵਚਨ ਕਹਿੰਦਾ ਹੈ, ਤੂੰ ਆਪਣੇ ਪਰਮੇਸ਼ੁਰ ਨੂੰ ਨਾ ਪਰਤਾ।''

ਸ਼ੈਤਾਨ: ਰਾਜਿਆਂ ਵੱਲ ਇਸ਼ਾਰਾ ਕਰਕੇ ਕਹੇ, ''ਉਨ੍ਹਾਂ ਰਾਜਿਆਂ ਵੱਲ ਵੇਖ। ਤੂੰ ਉਨ੍ਹਾਂ ਸਾਰਿਆਂ ਤੇ ਰਾਜ ਕਰ ਸਕਦਾ ਹੈਂ! ਤੂੰ ਸਿਰਫ ਕੀ ਕਰਨਾ ਹੈ, ਪਰਮੇਸ਼ੁਰ ਨੂੰ ਭੁੱਲ ਜਾਹ ਅਤੇ ਮੇਰੀ ਸੇਵਾ ਕਰ। ਤਦ ਤੂੰ ਸਭ ਤੋਂ ਸ਼ਕਤੀਸ਼ਾਲੀ ਸ਼ਾਸਕ ਬਣ ਜਾਵੇਗਾ।''

ਰਾਜੇ: ਸ਼ੈਤਾਨ ਦੇ ਆਲੇ-ਦੁਆਲੇ ਖੜੋ ਕੇ ਉਸਦੇ ਅੱਗੇ ਝੁੱਕਾਉਣ ਅਤੇ ਕਹਿਣ, ''ਸੁਆਮੀ ਪ੍ਰਣਾਮ!'' ''ਸਾਨੂੰ ਸ਼ਕਤੀ ਦਿਓ!''

**ਯਿਸੂ**: ਰਾਜੇ ਜਿੰਨੀ ਦੇਰ ਤੱਕ ਸ਼ੈਤਾਨ ਨੂੰ ਛੱਡਕੇ ਨਹੀਂ ਜਾਂਦੇ, ਇੰਤਜਾਰ ਕਰੇ, ਫਿਰ ਸ਼ੈਤਾਨ ਨੂੰ ਧੱਕਾ ਦੇਵੇ। ਕਹੇ, ''ਸ਼ੈਤਾਨ, ਚਲਿਆ ਜਾਹ! ਪਵਿੱਤਰ ਵਚਨ ਸਿਰਫ ਪਰਮੇਸ਼ੁਰ ਦੀ ਅਰਾਧਨਾ ਕਰਨ ਲਈ ਕਹਿੰਦਾ ਹੈ। ਮੈਂ ਧਾਰਮਿਕ ਕੰਮ ਸਿਰਫ ਇਸ ਲਈ ਨਹੀਂ ਕਰਦਾ ਕਿ ਲੋਕ ਮੈਨੂੰ ਪਸੰਦ ਕਰਨ ਅਤੇ ਮੇਰੇ ਪਿੱਛੇ ਚੱਲਣ।''

ਸ਼ੈਤਾਨ: ਇਹ ਕਹਿੰਦਾ ਛੱਡ ਕੇ ਚਲਿਆ ਜਾਵੇ, ''ਮੈਂ ਵਾਪਸ ਆਵਾਂਗਾ।''

ਦੂਤ: ਜਾਣ ਅਤੇ ਆਪਣੀਆਂ ਬਾਹਾਂ ਯਿਸੂ ਦੇ ਆਲੇ ਦੁਆਲੇ ਕਰਨ। ਕਹਿਣ, ''ਤੇਰੇ ਪਿਤਾ ਨੇ ਸਾਨੂੰ ਤੇਰੀ ਟਹਿਲ ਸੇਵਾ ਕਰਨ ਲਈ ਘੱਲਿਆ ਹੈ।''

**ਪ੍ਰਸ਼ਨ :** ਜੇਕਰ ਬੱਚੇ, ਇਸ ਕਹਾਣੀ ਨੂੰ ਬਾਲਗਾਂ ਲਈ ਨਾਟਕ ਦੇ ਰੂਪ ਵਿੱਚ ਪੇਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਇਸ ਅਧਿਐਨ ਦੀ ਸ਼ੁਰੂਆਤ ਵਿੱਚ ਦਿੱਤੀ ਗਈ ਸੂਚੀ ਵਿੱਚੋਂ ਪ੍ਰਸ਼ਨ ਪੁੱਛਣ ਦਿਓ।

**ਗਤੀਵਿਧੀ**: ਬਾਈਬਲ ਦੀਆਂ ਪੁਸਤਕਾਂ ਦੇ ਨਾਵਾਂ ਨੂੰ, ਜੇਕਰ ਸੰਭਵ ਹੋਵੇ ਤਾਂ ਉਨ੍ਹਾਂ ਦੇ ਨਾਮ ਗਾ ਕੇ ਯਾਦ ਕਰੋ।

ਇਕ ਅਜਿਹੇ ਵਿਅਕਤੀ ਦਾ ਸਰਲ ਚਿੱਤਰ ਬਣਾਓ, ਜੋ ਰਸਤੇ ਵਿੱਚ ਜਾ ਰਿਹਾ ਹੈ ਅਤੇ ਦੀਵੇ ਨੂੰ ਉੱਚਾ ਕਰਕੇ ਉਸਨੇ ਫੜਿਆ ਹੋਇਆ ਹੈ।

- ਬੱਚਿਆਂ ਨੂੰ ਇਸ ਦੀ ਨਕਲ ਕਰਨ ਦਿਓ ਅਤੇ ਉਸ ਰਸਤੇ ਦੇ ਨੇੜੇ ਦੇ ਖ਼ਤਰਿਆਂ (ਦਾਨਵ, ਚੱਟਾਨਾਂ, ਤੂਫ਼ਾਨ, ਅੱਗ) ਨੂੰ ਇਸ ਵਿੱਚ ਜੋੜਨ ਦਿਓ।
- ਅਰਾਧਨਾ ਦੇ ਸਮੇਂ ਦੌਰਾਨ ਉਨ੍ਹਾਂ ਨੂੰ ਆਪਣੇ ਚਿੱਤਰ ਵਿਖਾਉਣ ਦਿਓ, ਅਤੇ ਦੱਸਣ ਦਿਓ ਕਿ ਪਵਿੱਤਰ ਵਚਨ, ਪਰਮੇਸ਼ੁਰ ਦੇ ਮਾਰਗ ਵਿੱਚ ਸਾਡੀ ਅਗਵਾਈ ਕਰਨ ਲਈ ਸਗੋਂ ਉਸ ਵੇਲੇ ਵੀ ਜਦੋਂ ਪਰਤਾਵਾ ਅਤੇ ਖ਼ਤਰਾ ਹੁੰਦਾ ਹੈ, ਦੀਵਾ ਸਾਡੇ ਲਈ ਕਿਵੇਂ ਹੈ।

ਹੋਰਨਾਂ ਉਦਾਹਰਣਾਂ ਬਾਰੇ ਵੀ **ਵਿੱਚਾਰ-ਵਿਮਰਸ਼** ਕਰੋ ਕਿ ਪਰਮੇਸ਼ੁਰ ਸਾਡੀ ਪਰਤਾਵੇ ਅਤੇ ਬੁਰਾਈ ਤੋਂ ਰੱਖਿਆ ਕਰਨ ਲਈ ਆਪਣੇ ਵਚਨ ਦਾ ਦੀਵੇ ਵਾਂਗ ਕਿਵੇਂ ਪ੍ਰਯੋਗ ਕਰਦਾ ਹੈ। ਬੱਚਿਆਂ ਨੂੰ ਉਦਾਹਰਣਾਂ ਦੇਣ ਦਿਓ।

- ਪੁੱਛੋ: ਬੁਰਾਈ ਤੋਂ ਬਚਣ ਲਈ ਪਵਿੱਤਰ ਵਚਨ ਨੇ ਕਿਵੇਂ ਤੁਹਾਡੀ ਮਦਦ ਕੀਤੀ:-

**ਕਵਿਤਾ ਜਾਂ ਗੀਤ**। ਸਾਰੇ ਬੱਚਿਆਂ ਨੂੰ ਜਬੂਰਾਂ ਦੀ ਪੋਥੀ 119:97, 103, 105, 111 ਅਤੇ 112 ਵਿੱਚੋਂ ਕੁਝ ਆਇਤਾਂ ਨੂੰ ਪੜ੍ਹਨ ਜਾਂ ਗਾਉਣ ਦਿਓ।

**ਵੱਡੇ ਬੱਚਿਆਂ ਨੂੰ ਗੀਤ ਜਾਂ ਕਵਿਤਾ ਲਿਖਣ ਦਿਓ**, ਜਿਸ ਵਿੱਚ ਮੱਤੀ 4:4 ਵਿੱਚੋਂ ਯਿਸੂ ਦੇ ਵਚਨ ਪ੍ਰਯੋਗ ਕੀਤੇ ਹੋਣ।

ਇਕੱਠੇ ਮਿਲਕੇ 2 ਤਿਮੋਥਿਉਸ 2:15 ਆਇਤ **ਯਾਦ ਕਰੋ**।

**ਪ੍ਰਾਰਥਨਾ**: "ਪਿਤਾ, ਤੇਰੇ ਵਚਨ ਸਾਡੇ ਲਈ ਖ਼ਜ਼ਾਨਾ ਹਨ। ਤੁਹਾਡੀ ਆਤਮਾ ਇਨ੍ਹਾਂ ਦਾ ਪ੍ਰਯੋਗ ਸਾਡੇ ਮਨਾਂ ਵਿੱਚ ਸਾਨੂੰ ਪਰਤਾਵੇ ਅਤੇ ਬੁਰਾਈ ਤੋਂ ਸੁਰੱਖਿਅਤ ਰੱਖਣ ਲਈ ਕਰੇ।"




Copyright 2004 © by Paul-Timothy. May be freely copied. Download from www.Paul-Timothy.net